# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਵਿਭਾਗ,ਪੰਜਾਬ
## ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)
ਐਸ.ਸੀ.ਓ.ਨੰ:104-106, ਦੂਜੀ ਅਤੇ ਤੀਜੀ ਮੰਜ਼ਿਲ ਸੈਕਟਰ 34-ਏ ਚੰਡੀਗੜ੍ਹ।

ਵੱਲ,

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.),
ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ.),
ਸਮੂਹ ਕਲਸੱਟਰ ਇੰਚਾਰਜ (ਵੈੱਬ-ਸਾਈਟ ਰਾਹੀਂ),
ਸਮੂਹ ਸਕੂਲ ਮੁੱਖੀ (ਵੈੱਬ-ਸਾਈਟ ਰਾਹੀਂ),
ਪੰਜਾਬ।

ਮੀਮੋ ਨੰ: ਸਸਅ/ਐਮਸੀ/2012/੪੪੨੧੦-੨੧੩
ਮਿਤੀ, ਚੰਡੀਗੜ੍ਹ ੦੫ਨਵੰਬਰ,2012

**ਵਿਸ਼ਾ:-** **NMMS ਦੀ ਪ੍ਰੀਖਿਆ ਦੀ ਤਿਆਰੀ ਸਬੰਧੀ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2.0 ਜਿਵੇਂ ਕਿ ਆਪ ਜੀ ਨੂੰ ਪਤਾ ਹੀ ਹੈ ਕਿ ਉੱਕਤ ਹਵਾਲਾ ਅਧੀਨ, ਅੱਠਵੀਂ ਵਿੱਚ ਪੜ੍ਹਦੇ ਵਿਦਿਆਰਥੀਆਂ ਦੀ ਮਿਤੀ 18 ਨਵੰਬਰ, 2012 ਨੂੰ ਹੋਣ ਵਾਲੀ **NMMS** ਦੀ ਪ੍ਰੀਖਿਆ ਦੀ ਤਿਆਰੀ ਲਈ ਰੋਜ਼ਾਨਾ 17 ਨਵੰਬਰ, 2012 ਦਾ ਸਿੱਖਿਆ ਵਿਭਾਗ ਦੇ ਏਜੂਸੇਟ ਰਾਹੀਂ ਸਵੇਰ 9:00 ਵਜੇ ਤੋਂ 10:00 ਵਜੇ ਤੱਕ ਤਿਆਰੀ ਕਰਵਾਈ ਜਾ ਰਹੀ ਹੈ।

3.0 ਇਸ ਲਈ ਸਮੂਹ ਕਲਸੱਟਰ ਇੰਚਾਰਜਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਆਪਣੇ ਖੇਤਰ ਅਧੀਨ ਪੈਂਦੇ ਸਕੂਲਾਂ ਵਿੱਚ ਜਿਥੇ **ROT** ਜਾਂ **SIT** ਦਾ ਸੁਵਿਧਾ ਉਪਲਬੱਧ ਨਹੀਂ ਹੈ, ਪੜ੍ਹਦੇ ਵਿਦਿਆਰਥੀਆਂ ਜਿਨ੍ਹਾਂ ਨੇ **NMMS** ਦੀ ਪ੍ਰੀਖਿਆ ਵਿੱਚ ਭਾਗ ਲੈਣਾ ਹੈ ਨੂੰ ਠੀਕ 9:00 ਵਜੇ, ਨੇੜੇ ਦੇ ਸਕੂਲ ਵਿੱਚ 9:00 ਵਜੇ ਤੋਂ 10 ਵਜੇ ਦਾ ਲਿਆਉਣਾ ਯਕੀਨੀ ਬਣਾਇਆ ਜਾਵੇ ਤਾਂ ਜੋ ਇਹ ਵਿਦਿਆਰਥੀ ਵੀ ਸਿੱਖਿਆ ਵਿਭਾਗ ਵੱਲੋਂ ਕੀਤੇ ਉਪਰਾਲਿਆਂ ਦਾ ਲਾਭ ਉਠਾ ਸਕਣ।

4.0 ਇਹ ਵੀ ਦੇਖਣ ਵਿੱਚ ਆਇਆ ਹੈ ਕਿ ਕਈ ਸਕੂਲਾਂ ਵਿੱਚ ਵਿਸ਼ੇਸ਼ ਕਰਕੇ ਨਵੇਂ ਅਪਗ੍ਰੇਡਿਡ ਸਕੂਲਾਂ ਵਿੱਚ ਵੈੱਬ-ਸਾਈਟ ਦੀ ਸੁਵਿਧਾ ਅਜੇ ਉਪਲਬੱਧ ਨਾ ਹੋਣ ਕਾਰਣ ਇਹ ਸੂਚਨਾਂ ਸਕੂਲਾਂ ਤੱਕ ਨਹੀਂ ਪਹੁੰਚ ਰਹੀ। ਇਸ ਲਈ ਕਲਸਟੱਰ ਇੰਚਾਰਜ ਜਾਂ ਕੰਮਪਲੈਕਸ ਸਕੂਲ ਮੁੱਖੀਆਂ ਦਾ ਫਰਜ਼ ਬਣਦਾ ਹੈ ਕਿ ਇਹਨਾਂ ਸਕੂਲਾਂ ਵਿੱਚ ਪੜ੍ਹਦੇ ਵਿਦਿਆਰਥੀ ਜੋ **NMMS** ਦੀ ਤਿਆਰੀ ਕਰ ਰਹੇ ਹਨ ਨੂੰ ਨੇੜੇ ਦੇ **ROT/ SIT** ਵਾਲੇ ਸਕੂਲਾਂ ਵਿੱਚ ਤਿਆਰੀ ਲਈ ਸਵੇਰੇ 9:00 ਵਜੇ ਤੋਂ 10:00 ਵਜੇ ਲਈ ਅਟੈਂਡ ਕਰਨ ਬਾਰੇ ਜਾਣਕਾਰੀ ਦੇਣ ਤਾਂ ਜੋ ਵਿਦਿਆਰਥੀ ਇਸ ਦਾ ਲਾਭ ਉਠਾ ਸਕਣ।

5.0 ਉਪਰੋਕਤ ਹੁਕਮਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ।

ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ, ਚੰਡੀਗੜ੍ਹ